INTERNATIONAL RESEARCH JOURNAL OF HUMANITIES AND INTERDISCIPLINARY STUDIES
( Peer-reviewed, Refereed, Indexed & Open Access Journal )
DOI : 03.2021-11278686 ISSN : 2582-8568 IMPACT FACTOR : 6.865 (SJIF 2023)

# ਪੰਜਾਬੀ ਲੋਕਗੀਤ ਵਿਚ ਸਮਾਜਿਕ ਮੁੱਲ

## (SOCIABILITY IN PUNJABI FOLK SONGS)

**Daya Ram**
Research Scholar,
Aligarh Muslim University,
Aligarh (Uttar Pradesh, India)

**DOI No.** 03.2021-11278686 **DOI Link ::** https://doi-ds.org/doilink/12.2023-44873585/IRJHIS2312002

ਲੋਕ ਸਾਹਿਤ ਜਨ-ਜੀਵਨ ਦਾ ਦਰਪਣ ਹੁੰਦਾ ਹੈ ਅਤੇ ਅਵਾਮ ਦੇ ਦਿਲ ਦੀ ਧੜਕਣ ਵੀ ਕਿਉਂਕਿ ਆਮ ਲੋਕ ਜੋ ਕੁਝ ਵੀ ਸੋਚਦੇ ਵਿਚਾਰਦੇ ਹਨ ਅਤੇ ਜਿਸ ਨੂੰ ਅਨੁਭਵ ਕਰਦੇ ਹਨ ਉਸੇ ਦਾ ਪ੍ਰਗਟਾਵਾ ਉਨ੍ਹਾਂ ਦੇ ਸਾਹਿਤ ਵਿਚ ਮਿਲਦਾ ਹੈ। ਲੋਕਗੀਤ, ਲੋਕ ਸਾਹਿਤ ਦੇ ਅਧੀਨ ਲੋਕਧਾਰਾ ਦਾ ਇੱਕ ਅਭਿੰਨ ਅਤੇ ਮਹੱਤਵਪੂਰਣ ਪ੍ਰਗਟਾ ਰੂਪ ਹੈ। ਮਨੁੱਖੀ ਹਿਰਦੇ ਦੇ ਭਾਵ ਆਪਣੀ ਸਿਖਰ ਦੀ ਸਥਿਤੀ ਵਿਚ ਲੈਆਤਮਕ ਹਾਵਾਂ-ਭਾਵਾਂ ਵਿਚ ਜਦੋਂ ਭਾਸ਼ਾਬੰਦ ਹੋ ਕੇ ਪ੍ਰਵਾਹਿਤ ਹੋਣ ਲਗਿਆ ਤਾਂ ਸ਼ਬਦ ਸ਼ਾਸਤਰੀਆਂ ਨੇ ਇਸਨੂੰ ਗੀਤ ਕਿਹਾ ਅਤੇ ਇਸੇ ਗੀਤ ਪਰੰਪਰਾ ਦੀ ਇੱਕ ਧਾਰਾ ਜਦੋਂ ਆਪਣੀ ਲੋਕ ਬੋਲੀਆਂ ਵਿਚ ਪ੍ਰਵਾਹਿਤ ਹੋਣ ਲਗੀ ਤਾਂ ਉਸਨੂੰ ਲੋਕ ਗੀਤ ਦਾ ਨਾਮ ਦਿੱਤਾ ਗਿਆ। ਲੋਕ ਗੀਤ ਲੋਕਮਨ ਦੀ ਅਭਿਵਿਅਕਤੀ ਦਾ ਸਾਧਨ ਹਨ। ਲੋਕ ਜੀਵਨ ਦੀ ਅਸਲੀ ਨੁਹਾਰ ਪੂਰੀ ਤਰ੍ਹਾਂ ਗੀਤਾਂ ਰਾਹੀਂ ਹੀ ਪ੍ਰਤੀਬਿੰਬਤ ਹੁੰਦੀ ਹੈ। ਲੋਕ ਗੀਤ ਵਿਚੋਂ ਕਿਸੇ ਇੱਕਲੇ ਲਿਖਾਰੀ ਦੀ ਨਹੀਂ ਸਗੋਂ ਸਮੁਚੀ ਕੌਮ ਦੀ ਸਖ਼ਸੀਅਤ, ਪ੍ਰਤਿਸ਼ਠਾ ਤੇ ਪ੍ਰਤਿਭਾ ਦੇ ਦਰਸ਼ਨ ਹੁੰਦੇ ਹਨ। ਲੋਕ ਗੀਤ ਨੂੰ ਕਿਸੇ ਕਿਸਮ ਦੀ ਸਰਪ੍ਰਸਤੀ ਦੀ ਲੋੜ ਨਹੀਂ ਹੁੰਦੀ ਸਗੋਂ ਸਮੁੱਚੀ ਕੌਮ ਇਸ ਵਿਚੋਂ ਸਾਂਹ ਲੈਂਦੀ ਪ੍ਰਤੀਤ ਹੁੰਦੀ ਹੈ। ਇਹ ਸਮਾਜ ਦੀ ਜਿੰਦ-ਜਾਨ ਹੁੰਦਾ ਹੈ। ਲੋਕਾਂ ਦੀ ਰਹਿਣੀ-ਸਹਿਣੀ ਕਾਰ, ਵਿਹਾਰ, ਰੀਤੀ-ਰਿਵਾਜ ਸਭ ਕੁਝ ਇਨ੍ਹਾਂ ਲੋਕ ਗੀਤਾਂ ਵਿਚ ਚਿਤਰਿਆ ਮਿਲਦਾ ਹੈ। ਲੋਕਗੀਤਾਂ ਵਿਚ ਲੋਕ ਸਮੂਹ ਦੀ ਆਤਮਾ ਸ਼ਾਂਹ ਲੈਂਦੀ ਹੈ। ਜਿਸਦਾ ਦਾਇਰਾ ਵਿਸ਼ਾਲ ਹੈ। ਮਨੁੱਖੀ ਜੀਵਨ ਦੀਆਂ ਤਿੰਨ ਅਵਸਥਾਵਾਂ ਬਚਪਨ, ਜਵਾਨੀ ਤੇ ਬੁੱਢਾਪੇ ਵਾਂਗ ਜਨਮ, ਵਿਆਹ ਤੇ ਮੌਤ ਤਿੰਨ ਅਹਿਮ ਪੜਾਵਾਂ ਦੁਆਲੇ ਸਾਡਾ ਜੀਵਨ ਵਿਚਰਦਾ ਹੈ। ਜਿਨ੍ਹਾਂ ਲੋਕ ਗੀਤਾਂ ਵਿਚ ਸਾਡੇ ਜੀਵਨ ਦੀ ਖੁਸ਼ੀ ਤੇ ਗ਼ਮੀ ਡੁੱਲ-ਡੁੱਲ ਪੈਂਦੀ ਹੈ, ਉਹ ਵਧੇਰੇ ਕਰਕੇ ਇੰਨ੍ਹਾਂ ਤਿੰਨ ਘਟਨਾਵਾਂ ਨਾਲ ਹੀ ਸੰਬੰਧ ਰੱਖਦੇ ਹਨ। ਇਹ ਲੋਕ ਗੀਤ ਬੱਚੇ ਦੇ ਜਨਮ ਤੋਂ ਪਹਿਲਾ ਸ਼ੁਰੂ ਹੋ ਕੇ ਉਸਦੀ ਮੌਤ ਤੱਕ ਹਰ ਸਮੇਂ ਪਰਛਾਵੇਂ ਵਾਂਗ ਸਾਥ ਨਿਭਾਉਂਦੇ ਹੋਏ ਬਚਪਨ ਦੀਆਂ ਖੇਡਾਂ-ਖੇਡਦੇ ਭਰ ਜਵਾਨੀ ਦੀ ਮਸਤੀ ਵਿਚ ਨੱਚਦੇ ਗਾਉਂਦੇ ਹੋਏ ਤੇ ਠੇਡੇ ਖਾਂਦੇ ਬੁਢਾਪੇ ਦੀਆਂ ਸਧਰਾਂ ਦੀ ਡੰਗੋਰੀ ਬਣਕੇ ਮੌਤ ਦੀਆਂ ਅਲਾਹੁਣੀਆਂ ਵਿਚ ਸਮਾ ਜਾਂਦੇ ਹਨ।

ਪਰਿਭਾਸ਼ਾ:-

ਡਾ.ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ,

> "ਲੋਕਗੀਤ ਕਿਸੇ ਜਾਤੀ ਦੇ ਸਮੂਹਿਕ ਜਜ਼ਬਿਆ ਦੇ ਪ੍ਰਕਾਸ਼ ਹਨ। ਜਾਤੀ ਦੀ ਲੋਕ ਸ਼ੰਸਕ੍ਰਿਤੀ ਦੇ ਚਿਨ੍ਹ-ਚੱਕਰ ਵਿੱਚ ਉੱਤਰੀ ਉਸ ਦੀ ਮੂਲ ਨੁਹਾਰ ਹਨ। ਇਹ ਕਿਸੇ ਜਾਤੀ ਦੇ ਹਿਰਦੇ ਵਿਚੋਂ ਸੰਸਕ੍ਰਿਤੀ ਦੇ ਪ੍ਰਵਾਹ ਵਿਚੋਂ ਸੁੱਤੇ ਸਿੱਧ ਉਤਰੀਆਂ ਛੱਲਾਂ ਹਨ, ਜਿਹੜੀਆਂ ਪਰੰਪਰਾ ਦੇ ਕੰਢਿਆਂ ਨਾਲ ਟਕਰਾ ਕੇ ਰੂਪਮਾਨ ਹੁੰਦੀਆਂ ਹਨ।"1

ਪ੍ਰਸਿੱਧ ਲੋਕਧਾਰਾ ਵਿਗਿਆਨੀ ਅਲੈਗਜਾਂਦਰ ਕਰੇਪ ਅਨੁਸਾਰ,

"ਲੋਕਗੀਤ ਸੁਰੀਲੀ ਸੁਰ ਵਾਲਾ ਅਜਿਹਾ ਸਰੋਦੀ ਕਾਵਿ ਹੈ ਜਿਹੜਾ ਅਨਪੜ੍ਹ ਲੋਕਾਂ ਵਿਚ ਗੁੰਮਨਾਮ ਕਿਰਤ ਦੇ ਤੌਰ ਤੇ ਭੁਤਕਾਲ ਤੋਂ ਹੀ ਪ੍ਰਚਲਤ ਹੋ ਗਿਆ ਅਤੇ ਜਿਹੜਾ ਕਾਫੀ ਸਮੇਂ ਲਈ ਰਹਿ ਸਕਦਾ ਹੈ। ਕਈ ਵਾਰ ਸਦੀਆਂ ਤੱਕ ਲੋਕਾਂ ਵਿਚ ਨਿਰੰਤਰ ਚਲਦਾ ਹੈ।"2

ਡਾ. ਨਾਹਰ ਸਿੰਘ ਅਨੁਸਾਰ,

"ਲੋਕਗੀਤ ਸੁਤੰਤਰ ਤੇ ਸਿਰਜਣਨਾਤਮਕ ਸੁਭਾਅ ਵਾਲਾ ਅਜਿਹਾ ਪ੍ਰਕਾਰਜਾਤਮਕ ਅਤੇ ਸਮੂਹਿਕ ਕਾਵਿ ਹੈ ਜੋ ਅੰਤਿਮ ਰੂਪ ਵਿਚ ਸਾਂਝੀ ਉਤਪਾਦਨ ਪ੍ਰਕਿਰਿਆ ਨਾਲ ਸੰਬੰਧਿਤ ਹੁੰਦਾ ਹੈ। ਇਹ ਕਿਸੇ ਲੋਕ ਦਾਇਰੇ ਵਿਚ ਪੀੜ੍ਹੀਓ-ਪੀੜ੍ਹੀ ਮੌਖਿਕ ਰੂਪ ਵਿਚ ਪ੍ਰਚਲਿਤ ਆਚਲਿਕ ਰੰਗਣ, ਉਪਭਾਸ਼ਾਈ ਉਚਾਰ ਅਤੇ ਸਮੂਹ ਵਿਸ਼ੇਸ ਦੀ ਭਾਵਨਾ ਵਾਲਾ ਅਜਿਹਾ ਪ੍ਰਗੀਤਕ ਕਾਵਿ ਹੈ। ਜਿਸਨੂੰ ਅਗਿਆਤ ਵਿਅਕਤੀਆਂ ਨੇ ਲੋਕ ਸੰਸਕਾਰਾਂ ਤੇ ਲੋਕ ਰੂੜ੍ਹੀਆਂ ਦੇ ਆਧਾਰ ਤੇ ਸਿਰਜਿਆ ਤੇ ਸਮੂਹ ਨੇ ਪ੍ਰਵਾਨਿਆ ਅਤੇ ਸੋਧਿਆ ਹੁੰਦਾ ਹੈ। ਇਸ ਵਿਚ ਪੁਨਰ ਸਿਰਜਣ ਜਾਂ ਤੱਟ-ਫੱਟ ਰਚਨਾ ਦੀ ਪ੍ਰਕਿਰਿਆ ਨਿਰੰਤਰ ਜਾਰੀ ਰਹਿੰਦੀ ਹੈ। ਇਹ ਲੋਕ ਪਰੰਪਰਾ ਵਿਚ ਪੈ ਕੇ ਕੁਝ ਨਿਸ਼ਚਿਤ ਗੀਤ ਰੂਪਾਂ ਵਿਚ ਭਿੰਨ-ਭਿੰਨ ਪਾਠਾਤਰਾਂ ਤੇ ਰੂਪਾਤਰਾਂ ਵਿਚ ਇਕ ਗਤੀਸ਼ੀਲ ਪਾਠ ਵਜੋਂ ਚਲਦਾ ਰਹਿੰਦਾ ਹੈ। ਇਸ ਕਾਵਿ ਦਾ ਵਸਤੂ ਪ੍ਰਕਾਰਜਮੁੱਖ ਤੇ ਰੂਪ ਲਚਕੀਲਾ ਹੁੰਦਾ ਹੈ। ਪ੍ਰਮਾਣਿਤ ਲੋਕਗੀਤ ਦੀ ਹੋਂਦ ਉਸਦੇ ਆਪਣੇ ਸੁਰ-ਪ੍ਰਬੰਧ ਦੁਹਰਾਓ ਨੇਮਾਂ ਤੇ ਹੇਕਾਂ ਸਮੇਤ ਸਮੁਚੇ ਸਮਾਜਿਕ ਨਿਭਾਓ ਵਿਚ ਹੀ ਹੁੰਦੀ ਹੈ।"3

ਡਾ. ਨਾਹਰ ਸਿੰਘ ਨੇ ਲੋਕਗੀਤ ਦੀ ਕਾਫੀ ਵਿਸ਼ਾਲ ਅਰਥਾਂ ਦੀ ਧਾਰਣੀ ਵਾਲੀ ਪਰਿਭਾਸ਼ਾ ਦਿੱਤੀ ਹੈ। ਉਨ੍ਹਾਂ ਨੇ ਹਰ ਪੱਖ ਤੇ ਚਾਣਨਾ ਪਾਉਣ ਦੀ ਕੋਸਿਸ਼ ਕੀਤੀ ਹੈ। ਡਾ. ਕਰਨੈਲ ਸਿੰਘ ਨੇ ਲੋਕਗੀਤਾਂ ਦੀ ਵਿਸਤਾਰਪੂਰਵਕ ਪਰਿਭਾਸ਼ਾ ਕਰਦਿਆਂ ਲਿਖਿਆ ਹੈ,

"ਪਰੰਪਰਾ ਦੇ ਅੰਸ਼ਾਂ ਨਾਲ ਭਰਪੂਰ, ਲੋਕ ਬੋਲੀ ਦੁਆਰਾ ਮੌਖਿਕ ਰੂਪ ਵਿਚ ਸੰਚਾਲਿਤ ਅਜਿਹੀ ਸੰਗੀਤਮਈ ਰਚਨਾ, ਜਿਸ ਵਿਚ ਲੋਕਮਾਨਸ ਦੀ ਅਭਿਵਿਅਕਤੀ ਹੋਵੇ, ਜਿਹੜੀ ਕਿਸੇ ਵਿਅਕਤੀ ਵਿਸ਼ੇਸ਼ ਨਾਲ ਸੰਬੰਧਿਤ ਨਾ ਕੀਤੀ ਗਈ ਹੋਵੇ ਅਤੇ ਲੋਕ ਸਮੂਹ ਜਿਸ ਨੂੰ ਪ੍ਰਵਾਨਗੀ ਦੇ ਕੇ ਪੀੜ੍ਹੀਓ-ਪੀੜ੍ਹੀ ਅੱਗੇ ਤੋਰਦਾ ਆਇਆ ਹੋਵੇ ਲੋਕਗੀਤ ਹੈ।"4

ਪੰਜਾਬੀ ਦੀ ਪ੍ਰਸਿੱਧ ਸਾਹਿਤਕਾਰ ਅੰਮ੍ਰਿਤਾ ਪ੍ਰੀਤਮ ਨੇ ਵੀ ਲੋਕਗੀਤ ਦੀ ਪਰਿਭਾਸ਼ਾ ਕਰਦਿਆਂ ਲੋਕ ਪ੍ਰਵਾਨਗੀ ਅਤੇ ਉਸਦੇ ਰਚਨਹਾਰੇ ਦੀ ਨਾ ਮੌਜੂਦਗੀ ਤੇ ਜੋਰ ਦਿੰਦੀਆਂ ਲਿਖਿਆ,

"ਲੋਕਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓ ਨਹੀਂ ਹੁੰਦਾ ਪਰ ਉਨ੍ਹਾਂ ਦੇ ਰੋਮ ਰੋਮ ਉਤੇ ਜੋ ਲਫ਼ਜ ਲਿਖਿਆ ਹੁੰਦਾ ਹੈ, ਉਹ ਹੈ ਲੋਕ-ਲੋਕ-ਲੋਕ..।"5

ਅੰਮ੍ਰਿਤਾ ਪ੍ਰੀਤਮ ਦੀ ਪਰਿਭਾਸ਼ਾ ਲੋਕਗੀਤ ਦੀ ਸੰਪੂਰਨ ਤਰਜਮਾਨੀ ਨਹੀਂ ਕਰਦੀ ਸਿਰਫ਼ ਲੋਕ ਪ੍ਰਵਾਨਗੀ ਹੀ ਲੋਕਗੀਤ ਦਾ ਆਧਾਰ ਨਹੀਂ ਹੋ ਸਕਦਾ ਇਹ ਇਕ ਪੱਖ ਨੂੰ ਪੂਰਾ ਕਰਦੀ ਹੈ। ਡਾ.ਭੁਪਿੰਦਰ ਸਿੰਘ ਖਹਿਰਾ ਨੇ ਲੋਕਗੀਤ ਨੂੰ ਪਰਿਭਾਸ਼ਿਤ ਕਰਦਿਆਂ ਲਿਖਿਆ ਹੈ, ਕਿ

"ਲੋਕਗੀਤ ਬੋਲਾਂ ਦੀ ਸਰੋਦੀ ਰਚਨਾ ਹੈ, ਜਿਹੜੀ ਇੱਛਾ ਪੂਰਤੀ ਨਾਲ ਸੰਬੰਧ ਰੱਖਦੀ ਹੈ।"6

ਇਹ ਪਰਿਭਾਸ਼ਾ ਲੋਕਗੀਤ ਦੇ ਇਕ ਪੱਖ ਸੰਗੀਤਕ ਅੰਸ਼ ਅਤੇ ਇੱਛਾ ਪੂਰਤੀ ਉਪਰ ਆਧਾਰਿਤ ਹੈ, ਜਦੋਂ ਕਿ ਲੋਕਗੀਤ ਦਾ ਵਰਤਾਰਾ ਵਿਸ਼ਾਲ ਹੈ। ਲੋਕਗੀਤ ਨੂੰ ਸੰਗੀਤ ਜਾਂ ਇੱਛਾਪੂਰਤੀ ਤਕ ਸੀਮਿਤ ਕਰਕੇ ਨਹੀਂ ਦੇਖਿਆ ਜਾ ਸਕਦਾ। ਹਿੰਦੀ ਵਿਦਵਾਨ ਰਾਮ ਨਰੇਸ਼ ਤ੍ਰਿਪਾਠੀ ਅਨੁਸਾਰ,

"ਗ੍ਰਾਮਗੀਤ, ਪ੍ਰਕਿਰਤੀ ਦੇ ਉਦਗਾਰ ਹਨ, ਉਨ੍ਹਾਂ ਵਿਚ ਅਲੰਕਾਰ ਨਹੀਂ ਕੇਵਲ ਰਸ ਹੈ, ਛੰਦ ਨਹੀਂ ਕੇਵਲ ਲੈਅ ਹੈ, ਲਲਿਤਯ ਨਹੀਂ ਕੇਵਲ ਮਧੁਰਤਾ ਹੈ।"7

ਡਾ.ਸਦਾਸ਼ਿਵ ਫ਼ੜਕੇ ਅਨੁਸਾਰ,

"ਸਾਸ਼ਤਰੀ ਨਿਯਮਾਂ ਦੀ ਵਿਸ਼ੇਸ ਪ੍ਰਵਾਹ ਨਾ ਕਰਕੇ ਆਮ ਲੋਕ ਵਿਹਾਰ ਦੇ ਉਪਯੋਗ ਵਿਚ ਲਿਆਉਣ ਲਈ ਮਨੁੱਖ

ਆਪਣੇ ਅੰਦਰ ਦੀ ਤਰੰਗ ਵਿਚ ਜੋ ਛੰਦ-ਬੰਦ ਬਾਣੀ ਸਹਿਜ ਸੁਭਾਅ ਪ੍ਰਗਟ ਕਰਦਾ ਹੈ, ਉਹੀ ਲੋਕਗੀਤ ਹੈ।"8

ਡਾ.ਸਤਿਆਵਰਤ ਸਿਨਹਾ ਨੇ,

"ਲੋਕਗੀਤ ਨੂੰ ਮਨੋਰੰਜਨ ਦਾ ਸਾਹਿਤ ਕਿਹਾ ਹੈ, ਜੋ ਸਰਬ ਸਾਧਾਰਨ ਸਮਾਜ ਦੀ ਮੌਖਿਕ ਰੂਪ ਵਿਚ ਭਾਵਮਈ ਅਭਿਵਿਅਕਤੀ ਹੁੰਦਾ ਹੈ।"9

ਹਿੰਦੀ ਵਿਦਵਾਨਾਂ ਦੀ ਇਹ ਪਰਿਭਾਸ਼ਾ ਲੋਕਗੀਤ ਨੂੰ ਸੰਪੂਰਨ ਤੌਰ ਤੇ ਅਭਿਵਿਅਕਤ ਨਹੀਂ ਕਰਦੀਆਂ ਹਨ| ਡਾ. ਸਤਿਆਵਰਤ ਸਿਨਹਾ ਨੇ ਲੋਕਗੀਤ ਨੂੰ ਸਿਰਫ਼ ਮਨੋਰੰਜਨ ਤਕ ਸੀਮਿਤ ਕਰ ਦਿੱਤਾ ਹੈ। ਜੋ ਠੀਕ ਨਹੀਂ ਜਾਪਦਾ ਇਹ ਤਾਂ ਲੋਕਗੀਤ ਦਾ ਇੱਕ ਅੰਸ਼ਮਾਤਰ ਪੱਖ ਹੈ। ਲੋਕਗੀਤ ਦਾ ਵਰਤਾਰਾ ਵਿਸ਼ਾਲ ਹੈ। ਡਾ.ਸਦਾਸ਼ਿਵ ਕ੍ਰਿਸ਼ਨ ਫੜਕੇ ਨੇ ਲੋਕਗੀਤ ਨੂੰ ਛੰਦਬੰਦ ਤੱਕ ਸੀਮਿਤ ਕਰਨ ਦੀ ਹਿਮਾਇਤ ਕੀਤੀ ਹੈ। ਜੋ ਕਿ ਲੋਕਗੀਤ ਨਾਲ ਇਨਸਾਫ਼ ਨਹੀਂ ਹੋਵੇਗਾ। ਲੋਕਗੀਤਾਂ ਰਾਹੀਂ ਲੋਕ ਸੰਸਕ੍ਰਿਤੀ ਆਪਣੀਆਂ ਵਿਸ਼ਿਸ਼ਟਤਾਵਾਂ, ਅਭਿਵਿਅਕਤ ਕਰਦੀ ਹੈ। ਲੋਕਗੀਤਾਂ ਦੁਆਰਾ ਜੋ ਭਾਵ-ਵਿਸ਼ਵਾਸ, ਵਿਚਾਰ, ਪਰੰਪਰਾਵਾਂ ਰੂਪਮਾਨ ਹੁੰਦੀਆਂ ਹਨ। ਉਹ ਜਨ ਮਾਨਸ ਦੇ ਸਮਾਜਿਕ ਅਤੇ ਮਾਨਸਿਕ ਵਿਕਾਸ ਦਾ ਅਧਿਐਨ ਕਰਾਉਂਦੀਆਂ ਹਨ। ਇਨ੍ਹਾਂ ਵਿਚ ਲੋਕ ਰਚਨਹਾਰੇ ਦੀ ਮਹਿਜ ਅਨੁਭੁਤੀ ਅਤੇ ਉਨ੍ਹਾਂ ਦੀ ਸਾਹਿਤਕ ਪ੍ਰਤਿਭਾ ਦਾ ਪ੍ਰਦਰਸ਼ਨ ਹੁੰਦਾ ਹੈ। ਮਹਾਤਮਾ ਗਾਂਧੀ ਦੇ ਵਿਚਾਰ ਅਨੁਸਾਰ,

"ਲੋਕਗੀਤਾਂ ਵਿਚ ਧਰਤੀ ਗਾਉਂਦੀ ਹੈ, ਪਹਾੜ ਗਾਉਂਦੇ ਹਨ, ਨਦੀਆਂ ਗਾਉਂਦੀਆਂ ਹਨ, ਫ਼ਸਲਾਂ ਗਾਉਂਦੀਆਂ ਹਨ, ਉਤਸਵ ਅਤੇ ਮੇਲੇ, ਰੁੱਤਾਂ ਅਤੇ ਪਰੰਪਰਾਵਾਂ ਗਾਉਂਦੀਆਂ ਹਨ।"10

ਲੋਕਗੀਤ ਯਥਾਰਥ ਦੀ ਭਾਵ-ਭੂਮੀ ਉੱਤੇ ਆਧਾਰਿਤ ਹਨ। ਲੋਕਗਾਇਕ ਦੇ ਮਨ ਦੇ ਉਦਗਾਰਾਂ ਦੀ ਗੋਪਨੀਅਤਾ ਦਾ ਬਿਲਕੁਲ ਅਭਾਵ ਹੁੰਦਾ ਹੈ। ਅੰਤਰਮਨ ਵਿਚ ਉਤਪੰਨ ਹੋਣ ਵਾਲੇ ਭਾਵਾਂ ਦਾ ਸਹਿਜ ਅਤੇ ਨਿਸ਼ਚਲ ਅਭਿਵਿਅਕਤੀਕਰਨ ਲੋਕਗੀਤਾਂ ਦੀ ਮੁੱਖ ਵਿਸ਼ੇਸਤਾ ਹੈ। ਅਲੰਕਰਤ ਦੀ ਬਨਾਵਟੀ ਸੁੰਦਰਤਾ ਦੇ ਵਿਪਰੀਤ ਸੁਭਾਵਿਕ ਉਕਤੀਆਂ ਦੀ ਖ਼ੂਬਸੂਰਤੀ ਉਤੇ ਸਾਫ਼ ਝਲਕਦੀ ਹੈ। ਲੋਕਗੀਤ ਸ਼ਬਦ ਵਿਚ ਗਾਉਣ ਦਾ ਭਾਵ ਸਹਿਜ ਸੁਭਾਅ ਹੀ ਅੱਖਾਂ ਸਾਹਮਣੇ ਆ ਜਾਂਦਾ ਹੈ, ਪਰ ਸਵਾਲ ਪੈਦਾ ਹੁੰਦਾ ਹੈ ਕਿ ਇਹ ਸੰਗੀਤ ਦੀ ਵਸਤੂ ਹੈ। ਸੰਗੀਤ ਅਤੇ ਸਾਹਿਤ ਵਿਚ ਕਲਾਤਮਕ ਪ੍ਰਭਾਵ ਦਾ ਕੋਈ ਅੰਤਰ ਨਹੀਂ, ਅੰਤਰ ਹੈ ਸੁਰ ਅਤੇ ਅਰਥ ਦੀ ਪ੍ਰਧਾਨਤਾ ਅਤੇ ਅਪ੍ਰਧਾਨਤਾ ਦਾ ਸੰਗੀਤ ਅਤੇ ਸਾਹਿਤ ਦੋਵਾਂ ਦਾ ਮੂਲ ਅਧਾਰ ਨਾਦ ਹੈ। ਇੱਕ ਵਿਚ ਨਾਦ ਸ਼ਬਦਾਂ ਦੀਆਂ ਸੀਮਾਵਾਂ ਤਕ ਪਹੁੰਚ ਕਿ ਆਪਣੇ ਪ੍ਰਭਾਵ ਸਦਕਾ ਆਪਣੇ ਪਹਿਲੇ ਸਥਾਨ ਵੱਲ ਪਰਤ ਆਉਂਦਾ ਹੈ ਅਤੇ ਦੂਸਰੇ ਵਿਚ ਨਾਦ ਸ਼ਬਦ ਤੱਕ ਪਹੁੰਚ ਕਰ ਆਪਣੇ ਅਰਥ ਪ੍ਰਭਾਵ ਲਈ ਉਥੇ ਹੀ ਟਿਕ ਜਾਂਦਾ ਹੈ। ਦੋਵਾਂ ਦਾ ਸਰੋਤ ਬਿੰਦੂ ਹਿਰਦਾ ਹੁੰਦਾ ਹੈ ਅਤੇ ਭਾਵ ਦੋਵਾਂ ਦੀ ਵਿਸ਼ੇਸਤਾ ਬਸ ਅੰਤਰ ਇਹ ਹੈ ਕਿ ਸੰਗੀਤ ਵਿਚ ਸੁਰ ਪ੍ਰਧਾਨ ਹੈ ਅਤੇ ਸ਼ਬਦ ਦਾ ਅਰਥ ਗੌਣ ਜਦੋਂ ਕਿ ਸਾਹਿਤ ਵਿਚ ਅਰਥ ਦੀ ਪ੍ਰਧਾਨਤਾ ਹੁੰਦੀ ਹੈ, ਸੁਰ ਗੌਣ ਹੁੰਦਾ ਹੈ। ਅਜਿਹੀ ਸਥਿਤੀ ਵਿਚ ਸੰਗੀਤ ਆਪਣੀ ਪ੍ਰਕਿਰਤੀ ਵਿਚ ਸਾਹਿਤ ਜ਼ਿਆਦਾ ਅਤੇ ਸੰਗੀਤ ਘੱਟ ਅਤੇ ਸਾਹਿਤ ਆਪਣੀ ਪ੍ਰਕਿਰਤੀ ਤੋਂ ਸਾਹਿਤ ਘੱਟ ਅਤੇ ਸੰਗੀਤ ਜ਼ਿਆਦਾ। ਸੰਗੀਤ ਵਿਚ ਗ਼ਜ਼ਲ ਅਤੇ ਕੱਵਾਲੀ ਅਪਣੀ ਅਰਥ ਵਿਸ਼ੇਸਤਾਵਾਂ ਦੇ ਕਾਰਨ ਸੰਗੀਤ ਦੀ ਬਜਾਇ ਸਾਹਿਤ ਦੇ ਨੇੜੇ ਹਨ। ਉਸੇ ਪ੍ਰਕਾਰ ਸਾਹਿਤ ਵਿਚ ਪਦ ਅਤੇ ਭਜਨ ਸੰਗੀਤਾਤਮਕ ਹੋਣ ਕਾਰਨ ਸਾਹਿਤ ਦੀ ਬਜਾਇ ਸਮਗੀਤ ਦੇ ਨੇੜੇ ਹਨ ਇਸ ਪ੍ਰਕਾਰ ਅਸੀਂ ਲੋਕਗੀਤ ਨੂੰ ਸੰਗੀਤ ਦੀ ਵਸਤੂ ਮੰਨਦੇ ਹੋਏ ਵੀ ਸਾਹਿਤ ਦੀ ਵਸਤੂ ਮੰਨਦੇ ਹਾਂ। ਲੋਕਗੀਤ ਦੀ ਰਚਨਾ ਸਮੂਹਿਕ ਚੇਤਨਾ ਰਾਹੀਂ ਸੁਭਾਵਿਕ ਰੀਤ ਨਾਲ ਹੁੰਦੀ ਹੈ। ਇਹ ਕਿਸੇ ਨਿਸ਼ਚਿਤ ਅਤੇ ਸੰਗੀਤਾਤਮਕ ਪ੍ਰਕਿਰਿਆ ਜਾਂ ਸਾਹਿਤਕ ਪ੍ਰਕਿਰਿਆ ਦਾ ਨਤੀਜਾ ਨਹੀਂ ਸਗੋਂ ਜੀਵਨ ਦੀਆਂ ਸਹਿਜ ਕਿਰਿਆਵਾਂ ਵਿਚ ਰੁਝੇ ਜਨ ਸਮੁਦਾਇ ਦੇ ਸਾਫ਼, ਸਰਲ, ਸੁਭਾਵਿਕ, ਭਾਵ ਆਨੰਦ ਲੋਕਗੀਤਾਂ ਦੇ ਬੋਲ ਬਣਕੇ ਉਨ੍ਹਾਂ ਦੇ ਬੁੱਲ੍ਹਾਂ ਤੇ ਤੈਰਨ ਲਗ ਜਾਂਦੇ ਹਨ। ਖੇਤਾਂ, ਦਰਿਆਵਾਂ, ਪਹਾੜਾਂ, ਮੈਦਾਨ ਸਾਰੇ ਇਨ੍ਹਾਂ ਦੇ ਸਰੋਤ ਸਥਾਨ ਹਨ। ਖੇਤ ਵਿਚ ਹਲ ਵਾਹੁਦਾ ਕਿਸਾਨ, ਹਾਲੀ-ਪਾਲੀ, ਮੈਦਾਨਾਂ, ਪਹਾੜਾਂ ਤੇ ਪਸ਼ੂ ਚਾਰਦੇ, ਘਰ ਦੀ ਸਵਾਣੀ ਕੰਮ ਕਰਦੀ ਅਤੇ ਹਰੇਕ ਆਮ ਕਾਰ-ਵਿਹਾਰ ਸਮੇਂ ਇਨ੍ਹਾਂ ਗੀਤਾਂ ਦਾ ਜਨਮ ਹੁੰਦਾ ਰਹਿੰਦਾ ਹੈ। ਸਾਨੂੰ ਮਾਲੂਮ ਨਹੀਂ ਹੁੰਦਾ ਕਿ ਉਨ੍ਹਾਂ ਨੂੰ ਕਿਸ ਨੇ ਕਦੋਂ ਸਿਰਜ ਦਿੱਤਾ, ਹਿਰਦੇ ਦੀ ਸਹਿਜ ਸੁਭਾਵਿਕ ਭਾਵ ਅਨੁਭੂਤੀ ਦੇ ਮਣਕੇ ਲੋਕਗੀਤਾਂ ਦੀਆਂ ਲੜੀਆਂ ਸਜਾਉਂਦੇ ਹਨ। ਇੱਕ-ਇੱਕ ਭਾਵ ਆਮ ਜੀਵਨ ਦੇ ਸਰਲ ਨਿਸਵਾਰਥ ਸੁਹਜ, ਕ੍ਰਾਂਤੀ ਦੀ ਤਸਵੀਰ ਪੇਸ਼ ਕਰਦਾ ਹੈ। ਮਨੁੱਖ ਦੇ ਜਨਮ ਤੋਂ ਹੀ ਲੋਕਗੀਤ ਦੀ ਅੰਨਤ ਧਾਰਾਵਾਂ ਦਾ ਪ੍ਰਵਾਹ ਪੈਦਾ ਹੋਇਆ ਤੇ ਪਰਸਪਰ ਸੰਗਠਿਤ ਹੋ ਕਿ ਵਿਸ਼ਾਲ ਸਾਗਰ ਦੀ ਸਿਰਜਨਾ ਕਰ ਰਿਹਾ ਹੈ। ਇਸ ਸਾਗਰ ਦੀ ਲਹਿਰਾਉਂਦੀ ਤਰੰਗਾਂ ਵਿਚ ਮਨੁੱਖ ਦੀ ਇੱਛਾਵਾਂ, ਭਾਵਨਾਵਾਂ, ਲੋਕ ਅਨੁਭੂਤੀਆਂ ਇੱਕ-ਦੂਜੇ ਨਾਲ ਗੁੱਥਮ-ਗੁੱਥੀ ਹੁੰਦੀਆਂ ਔਰਤ-ਮਰਦ ਦੇ ਭਾਵਾਂ ਨੂੰ ਅਨੁਕਰਨ, ਪ੍ਰੇਮ, ਪਿਆਰ, ਦੁੱਖ-ਸੁੱਖ, ਆਨੰਦ, ਸੰਯੋਗ-ਵਿਯੋਗ ਆਦਿ ਸਮਾਏ ਹੋਏ ਹਨ। ਸਮਾਜਿਕ ਪ੍ਰਾਣੀ ਹੋਣ ਦੀ ਪਰਿਭਾਸ਼ਾ ਉੱਤੇ ਖਰਾ ਨਹੀਂ

ਉਤਰਦਾ। ਮੁੱਲ ਉਹ ਅਵਧਾਰਨਾ ਹੈ। ਜੋ ਮਨੁੱਖੀ ਜੀਵਨ ਦੀ ਵਿਭਿੰਨ ਪਰਿਸਥਿਤੀਆਂ ਵਿਚ ਉਸਦੇ ਸਮਾਜਿਕ, ਮਾਨਸਿਕ, ਵਿਵਹਾਰਿਕ ਭਾਵਨਾਤਮਕ ਅਤੇ ਧਾਰਮਿਕ ਜਰੂਰਤਾਂ ਵਿਚ ਮੁੱਖ ਭੂਮਿਕਾ ਨਿਭਾਉਂਦੀ ਹੈ। ਪਰ ਫਿਰ ਵੀ ਮੁੱਲ ਦੀ ਸੰਕਲਪਨਾ ਨੂੰ ਪਰਿਭਾਸ਼ਿਤ ਕਰਨਾ ਕਠਿਨ ਕਾਰਜ ਹੈ। ਮਨੁੱਖੀ ਜੀਵਨ ਇਕ ਬਹੁਆਯਾਮੀ ਜੀਵਨ ਹੁੰਦਾ ਹੈ, ਜਿਸ ਵਿਚ ਜੀਵਨ ਮੁੱਲ ਦਾ ਬਹੁਤ ਮਹੱਤਵਪੂਰਨ ਸਥਾਨ ਹੁੰਦਾ ਹੈ। ਇਹ ਮੁੱਲ ਸਾਡੇ ਜੀਵਨ ਵਿਚ ਅਨੇਕ ਤਰ੍ਹਾਂ ਨਾਲ ਭੂਮਿਕਾ ਨਿਭਾਉਂਦੇ ਹਨ। ਸਮਾਜ ਸਭਿਆਚਾਰ, ਸ਼ਾਸਨ, ਰਾਜਨੀਤੀ, ਆਰਥਿਕ ਵਿਵਸਥਾ, ਧਰਮ ਸੰਪ੍ਰਦਾਇ ਅਤੇ ਵਿਅਕਤੀਗਤ ਜੀਵਨ ਢੰਗ ਆਦਿ ਸਮਾਜ ਦੇ ਵੱਖ-ਵੱਖ ਰੂਪ ਵਿਚ ਮੁੱਲ ਮੌਜੂਦ ਹਨ। ਜੀਵਨ ਮੁੱਲਾਂ ਦਾ ਨੈਤਿਕਤਾ ਨਾਲ ਡੂੰਘਾ ਸੰਬੰਧ ਹੁੰਦਾਂ ਹੈ। ਇਹ ਨਿਆਂ-ਅਨਿਆਂ, ਚੰਗਾ-ਮਾੜਾ, ਸਮਾਨ-ਅਸਮਾਨ ਦੇ ਵਿਚਕਾਰ ਭੇਦ ਸਥਾਪਿਤ ਕਰਦਾ ਹੈ। ਮੁੱਲ ਦਸਦਾ ਹੈ ਕਿ ਅਸਲ ਵਿਚ ਕੀ ਹੋਣਾ ਚਾਹੀਦਾ ਹੈ। ਮੁੱਲ ਕਿਸੇ ਵੀ ਸਮਾਜ ਦੇ ਆਦਰਸ਼ ਹੁੰਦੇ ਹਨ। ਜਿਸ ਅਨੁਸਾਰ ਉਸ ਸਮਾਜ ਦੇ ਲੋਕ ਆਚਰਣ ਕਰਦੇ ਹਨ। ਸਮਾਜ ਦੇ ਸਵਰੂਪ ਵਿਚ ਵੱਖਰਤਾ ਹੋਣ ਕਾਰਨ ਵੱਖ-ਵੱਖ Values ਨੂੰ ਪਹਿਲ ਦਿੱਤੀ ਜਾਂਦੀ ਹੈ। ਜਿਸ ਸਮਾਜ ਦਾ ਜੋ ਮੁੱਲ ਹੁੰਦਾ ਹੈ। ਉਸੇ ਉਸ ਸਮਾਜ ਦਾ ਆਦਰਸ਼ ਮੰਨ ਲਿਆ ਜਾਂਦਾ ਹੈ ਅਤੇ ਉਸਦੇ ਪ੍ਰਤੀ ਸਮਾਜ ਦੇ ਲੋਕਾਂ ਵਿਚ ਡੂੰਘਾ ਸੰਵੇਦਨਾਤਮਕ ਸੰਬੰਧ ਹੁੰਦਾ ਹੈ। ਉਦਾਹਰਨ ਦੇ ਤੌਰ ਤੇ ਹਿੰਦੂ ਧਰਮ ਨੂੰ ਮੰਨਣ ਵਾਲਾ ਹਰ ਮਨੁੱਖ ਆਪਣੇ ਸਭਿਆਚਾਰ ਅਤੇ ਪਰੰਪਰਾ ਅਨੁਸਾਰ ਵਿਵਹਾਰ ਕਰਦਾ ਹੈ ਅਤੇ ਉਸਨੂੰ ਆਪਣੇ ਜੀਵਨ ਦਾ ਆਦਰਸ਼ ਮੰਨਦਾ ਹੈ। ਇਸੇ ਤਰ੍ਹਾਂ ਇਸਲਾਮਿਕ ਪਰੰਪਰਾ ਦੇ ਅਨੁਸਾਰ ਮੁਸਲਿਮ ਸਮਾਜ ਵਿਵਹਾਰ ਕਰਦਾ ਹੈ। ਉਸਦੇ ਉਹ ਆਦਰਸ਼ ਹੁੰਦੇ ਹਨ। ਸਮਾਜਿਕ ਅਤੇ ਧਾਰਮਿਕ ਰੀਤੀ-ਰਿਵਾਜ ਵੀ ਸਮੇਂ-ਸਮੇਂ ਅਤੇ ਯੁਗ ਪਰਿਵਰਤਨ ਨਾਲ ਬਦਲਦੇ ਰਹਿੰਦੇ ਹਨ ਅਤੇ ਨੀਤੀ, ਨਿਯਮ, ਆਚਾਰ-ਵਿਵਹਾਰ ਜਾਂ ਪਰੰਪਰਾਵਾਂ ਇਜਾਦ ਹੁੰਦੇ ਰਹਿੰਦੇ ਹਨ।

ਮਨੁੱਖੀ ਮੁੱਲ ਦਾ ਸਵਰੂਪ ਅਮੂਰਤ ਹੁੰਦਾ ਹੈ, ਜਿਸ ਅਨੁਸਾਰ ਮਨੁੱਖ ਸਮਾਜ ਵਿਚ ਵਿਵਹਾਰ ਕਰਦਾ ਹੈ। ਇਹ ਚੰਗਾ-ਮਾੜੇ, ਵਿਵਹਾਰ ਵਿਚ ਅੰਤਰ ਸਥਾਪਿਤ ਕਰਦਾ ਹੈ। ਮੁੱਲ ਆਮ ਵਿਚਾਰ ਹੈ, ਜਿਸਨੂੰ ਲੋਕ ਚੰਗਾ-ਮਾੜਾ ਆਵਸ਼ਕ-ਅਨਾਵਸਕ ਹੋਣ ਦੇ ਰੂਪ ਵਿਚ ਦੇਖਦੇ ਹਨ। ਇਸਦਾ ਕੋਈ ਆਕਾਰ ਸਵਰੂਪ ਨਹੀਂ ਇਹ ਅਮੂਰਤ, ਅਦ੍ਰਿਸ਼, ਅਲਿਖਿਤ ਹੁੰਦਾ ਹੈ, ਪਰੰਤੂ ਮਨੁੱਖ ਦੇ ਸਮਾਜਿਕ ਵਿਵਹਾਰ ਵਿਚ ਮੌਜੂਦ ਰਹਿੰਦਾ ਹੈ। ਮੁੱਲ ਦਾ ਨਿਰਮਾਣ ਕਿਸੇ ਵਿਅਕਤੀ ਵਿਸ਼ੇਸ ਰਾਹੀਂ ਨਾ ਹੋ ਕਿ ਪੂਰੇ ਸਮੁਦਾਇ ਰਾਹੀਂ ਹੁੰਦਾ ਹੈ। ਕਿਸੇ ਵੀ ਮੁੱਲ ਦੇ ਨਿਰਮਾਣ ਵਿਚ ਸਮਾਜ ਦੀ ਭਾਗੀਦਾਰੀ ਹੁੰਦੀ ਹੈ। ਪਰੰਤੂ ਨਿਰਮਾਣ ਕਿਸੇ ਯੋਜਨਾਬੰਧ ਢੰਗ ਨਾਲ ਨਹੀਂ ਹੁੰਦਾ ਸਗੋਂ ਇੱਕ ਲੰਬੇ ਅਰਸੇ ਤਕ ਚਲਣ ਵਾਲੀ ਅੰਤਰ-ਕਿਰਿਆ ਦੇ ਤਹਿਤ ਕਿਸੇ ਸਮਾਜਿਕ ਮੁੱਲ ਦਾ ਨਿਰਮਾਣ ਹੁੰਦਾ ਹੈ, ਜਿਸਨੂੰ ਪੂਰਾ ਸਮਾਜ ਪ੍ਰਵਾਨਗੀ ਦਿੰਦਾ ਹੈ ਅਤੇ ਹੌਲੀ-ਹੌਲੀ ਇਹ ਸਮਾਜਿਕ ਮੁੱਲ ਦੀ ਅਵਧਾਰਨਾ ਗ੍ਰਹਿਣ ਕਰ ਜਾਂਦਾ ਹੈ। ਕਿਸੇ ਵੀ ਸਮਾਜ ਵਿਚ ਉਸਦੀ ਸਥਾਪਿਤ ਮੁੱਲ ਵਿਵਸਥਾ ਦਾ ਉੱਚ ਪੱਧਰੀ ਮਾਨਕ ਹੁੰਦਾ ਹੈ। ਉਨ੍ਹਾਂ ਮੁੱਲਾਂ ਅਨੁਸਾਰ ਹੀ ਲੋਕਾਂ ਨੂੰ ਵਿਵਹਾਰ ਕਰਨਾ ਹੁੰਦਾ ਹੈ। ਜੇਕਰ ਕੋਈ ਵਿਅਕਤੀ ਇਨ੍ਹਾਂ ਅਨੁਸਾਰ ਵਿਵਹਾਰ ਕਰਦਾ ਹੈ ਤਾਂ ਉਸਨੂੰ ਸਮਾਜ ਵਿਚ ਸਨਮਾਨਜਨਕ ਸਥਾਨ ਪ੍ਰਾਪਤ ਹੁੰਦਾ ਹੈ। ਜਦੋਂ ਕਿ ਇਸਦੇ ਵਿਰੁਧ ਆਚਰਨ ਕਰਨ ਵਾਲੇ ਨੂੰ ਸਮਾਜ ਵਲੋਂ ਸ਼ਜਾ ਵੀ ਦਿੱਤੀ ਜਾ ਸਕਦੀ ਹੈ। ਦੁਨੀਆਂ ਦੇ ਵੱਖ-ਵੱਖ ਸਮਾਜਾਂ ਵਿਚ ਮੁੱਲਾਂ ਵਿਚ ਵੱਖਰਤਾ ਹੈ। ਉਦਾਹਰਨ ਲਈ ਹਿੰਦੂ ਸਮਾਜ ਦੀ ਤੁਲਨਾ ਵਿਚ ਜੈਨ ਸਮਾਜ ਵਿਚ ਅਹਿੰਸਾ ਉੱਤੇ ਵਧੇਰੇ ਜੋਰ ਦਿੱਤਾ ਜਾਂਦਾ ਹੈ। ਹਾਲਾਂਕਿ ਹਿੰਦੂ ਸਮਾਜ ਵਿਚ ਵੀ ਜੀਵ ਮਾਤਰ ਨਾਲ ਪ੍ਰੇਮ ਭਾਵਨਾ ਦਾ ਸੰਦੇਸ਼ ਦਿੱਤਾ ਜਾਂਦਾ ਹੈ ਪਰੰਤੂ ਜੀਵ ਹਿੰਸਾ ਕਰਨ ਵਾਲੇ ਲਈ ਜੈਨ ਧਰਮ ਵਿਚ ਕੋਈ ਸਥਾਨ ਨਹੀਂ ਇਸਦੇ ਉਲਟ ਮੁਸਲਿਮ ਸਮਾਜ ਵਿਚ ਮਾਸਾਹਾਰੀ ਹੋਣ ਦਾ ਚਲਣ ਜਿਆਦਾ ਹੈ। ਹਿੰਦੂ ਧਰਮ ਦੀ ਇਸਤਰੀ ਆਪਣੇ ਸਤੀਤਵ ਲਈ ਮੌਤ ਨੂੰ ਤਰਜੀਹ ਦਿੰਦੀ ਹੈ। ਜਿਸਦੀ ਉਦਾਹਰਨ ਪੂਰੇ ਭਾਰਤ ਵਿਚ ਵਾਪਰੀਆਂ ਜੌਹਰ ਦੀਆਂ ਘਟਨਾਵਾਂ ਨੂੰ ਦੇਖਿਆ ਜਾ ਸਕਦਾ ਹੈ। ਜਦੋਂ ਕਿ ਪੱਛਮੀ ਦੇਸ਼ਾਂ ਵਿਚ ਬਿਨਾ ਰੋਕ-ਟੋਕ ਕੇ ਸਰੀਰਿਕ ਸੰਬੰਧ ਦਾ ਰਿਵਾਜ਼ ਆਮ ਗੱਲ ਹੈ। ਉਥੇ ਇੱਕ ਤੋਂ ਜਿਆਦਾ ਪੁਰਸ਼ਾਂ ਨਾਲ ਸੰਬੰਧ ਰੱਖਣੇ ਆਮ ਗੱਲ ਹੈ ਤੇ ਪੱਛਮੀ ਸਮਾਜ ਵਲੋਂ ਮਾਨਤਾ ਦਿੱਤੀ ਹੋਈ ਹੈ। ਮੁੱਲ ਸਮੇਂ-ਸਮੇਂ ਤੇ ਬਦਲਦੇ ਰਹਿੰਦੇ ਹਨ। ਇਹ ਠੀਕ ਹੈ ਕਿ ਮੁੱਲਾਂ ਵਿਚ ਪਰਿਵਰਤਨ ਬਹੁਤ ਹੌਲੀ-ਹੌਲੀ ਹੁੰਦੇ ਹਨ। ਕੋਈ ਵੀ ਸਮਾਜ ਜਿਸ ਨੀਤੀ-ਨਿਯਮ, ਕਾਨੂੰਨ ਜਾਂ ਮੁੱਲ ਨੂੰ ਮਹੱਤਵ ਦੁੰਦੇ ਹਨ। ਉਨ੍ਹਾਂ ਦੀ ਰੱਖਿਆ ਦੀ ਭਰਪੂਰ ਕੋਸ਼ਿਸ ਕਰਦਾ ਹੈ ਪਰੰਤੂ ਸਮੇਂ ਅਤੇ ਸਥਿਤੀ ਦੇ ਨਾਲ ਉਨ੍ਹਾਂ ਮੁੱਲਾਂ ਵਿਚ ਪਰਿਵਰਤਨ ਆ ਜਾਂਦਾ ਹੈ। ਜਿਵੇਂ ਇੱਕ ਸਮੇਂ ਤੱਕ ਹਿੰਦੂ ਵਿਚ ਇਹ ਧਾਰਨਾ ਸੀ ਕਿ ਸੰਮੁਦਰੀ ਯਾਤਰਾ ਕਰਨ ਨਾਲ ਧਰਮ ਨਸ਼ਟ ਹੋ ਜਾਂਦਾ ਹੈ। ਪਰ ਅੱਜ ਇਹ ਧਾਰਣਾ ਮਾਨਤਾ ਪੂਰੀ ਤਰ੍ਹਾਂ ਟੁੱਟ ਕਿ ਬਿਖ਼ਰ ਚੁੱਕੀ ਹੈ। ਮੱਧਕਾਲ ਵਿਚ ਵਿਦੇਸ਼ੀ ਧਾੜਵੀਆਂ ਕਾਰਨ ਭਾਰਤੀ ਸਮਾਜ ਵਿਚ ਪਰਦਾ ਪ੍ਰਥਾ ਨੇ ਜਨਮ ਲੈ ਲਿਆ। ਪਰ ਹੁਣ ਇਹ ਲਗਭਗ ਸਮਾਪਤੀ ਤੇ ਹੈ। ਮੁਸਲਿਮ ਸਮਾਜ ਪਰਦੇ ਨੂੰ ਧਰਮ ਨਾਲ ਜੋੜ ਕੇ ਦੇਖਦੇ ਹਨ ਤੇ ਪਰਦਾ ਕਰਨਾ ਸੁਨੰਤ ਮੰਨਿਆ ਜਾਂਦਾ ਹੈ ਪਰ ਸਮੇਂ ਅਤੇ ਆਧੁਨਿਕ ਸਿੱਖਿਆ ਕਾਰਨ ਕੁਝ ਪਰਿਵਰਤਨ ਆਏ ਹਨ। ਜਿੱਥੇ ਹਰਿਆਣਾ ਦੇ ਇਨ੍ਹਾਂ ਲੋਕਗੀਤਾਂ ਦੇ ਸਭਿਆਚਾਰਕ ਮੁੱਲਾਂ ਵਿਚੋਂ ਦੀ ਲੋਕਾਈ ਵਿਚ ਉਨ੍ਹਾਂ ਦੀ ਸਖ਼ਸੀਅਤ ਵਿਚ ਵੱਖਰਾ ਨਿਖਾਰ ਲਿਆਂਦਾ ਹੈ। ਉੱਥੇ ਉਹ ਅਸਭਿਅਕ ਅੰਸ਼ਾਂ ਨੂੰ ਖਤਮ ਕਰਨ ਦੀ ਕੋਸ਼ਿਸ ਵੀ ਕੀਤੀ ਹੈ। ਹਰਿਆਣਾ ਦੇ ਪੰਜਾਬੀ ਲੋਕਗੀਤ ਸਿਰਫ਼ ਪੰਜਾਬੀਆਂ ਤੱਕ ਹੀ ਨਹੀਂ ਸਗੋਂ ਸਮੁੱਚੀ ਲੋਕਾਈ

ਦੀ ਜਿੰਦਗੀ ਦਾ ਸਾਰ ਅੰਸ਼ ਇਨ੍ਹਾਂ ਲੋਕਗੀਤਾਂ ਦੇ ਸਭਿਆਚਾਰਕ ਮੁੱਲਾਂ ਰਾਹੀਂ ਪੇਸ਼ ਕਰਦੇ ਹਨ। ਹਰਿਆਣਾ ਦੇ ਪੰਜਾਬੀ ਲੋਕਗੀਤਾਂ ਨੇ ਮਨੁੱਖੀ ਜਿੰਦਗੀ ਨਾਲ ਜੁੜੇ ਹੋਏ ਪ੍ਰਤੀਕ ਅਤੇ ਚਿੰਨ੍ਹਾ ਰਾਹੀਂ ਨੈਤਿਕ ਗੁਣਾ ਦਾ ਇਕ ਪਾਠ ਪੇਸ਼ ਕੀਤਾ ਹੈ। ਕਿਉਂਕਿ ਮੁੱਲ ਵਿਧਾਨ ਬਿਨਾਂ ਸਮਾਜ ਨਾਮਕ ਸੰਸਥਾ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਇਸ ਲਈ ਵਰਤਮਾਨ ਸਮੇਂ ਪਦਾਰਥਵਾਦ ਦੇ ਆਧੁਨਿਕ ਯੁੱਗ ਵਿਚ ਲੋਕਗੀਤ ਉਨ੍ਹੇ ਹੀ ਪ੍ਰਾਸੰਗਿਕ ਹਨ।

**ਟਿਪਣੀ ਤੇ ਹਵਾਲੇ**

1. ਮਹਾਨ ਕੋਸ਼,ਭਾਈ ਕਾਨ੍ਹ ਸਿੰਘ ਨਾਭਾ, ਪੇਜ ਨੂੰ.
2. ਮਾਲਵੇ ਦਾ ਲੋਕ ਸਾਹਿਤ,ਮਹਿੰਦਰ ਸਿੰਘ ਬਿਰਦੀ,ਪੇਜ ਨੂੰ.-47
3. ਲੋਕ ਸੰਸਕ੍ਰਿਤੀ ਦੀ ਰੂਪ ਰੇਖਾ, ਕ੍ਰਿਸ਼ਨ ਦੇਵ ਉਪਾਧਿਆਏ ਪੇਜ ਨੂੰ - 10
4. ਹਿੰਦੀ ਭਗਤੀ ਸਾਹਿਤਯ ਮੈਂ ਲੋਕ ਤੱਤਵ, ਕ੍ਰਿਸ਼ਨ ਦੇਵ ਉਪਾਧਿਆਏ ਪੇਜ ਨੂੰ -3
5. ਵਿਆਹ ਦੇ ਲੋਕਗੀਤ ਵਿਭਿੰਨ ਪਰਿਪੇਖ, ਰਾਜਵੰਤ ਕੌਰ ਪੰਜਾਬੀ ਡਾ. ਪੇਜ ਨੂੰ 27
6. ਵਿਆਹ ਦੇ ਲੋਕਗੀਤ ਵਿਭਿੰਨ ਪਰਿਪੇਖ, ਰਾਜਵੰਤ ਕੌਰ ਪੰਜਾਬੀ ਡਾ. ਪੇਜ ਨੂੰ 27
7. ਲੋਕਯਾਨ ਅਧਿਐਨ, ਕਰਨੈਲ ਸਿੰਘ ਥਿੰਦ ਡਾ. ਪੇਜ ਨੂੰ. 3
8. ਬੇਦੀ ਸੋਹਿੰਦਰ ਸਿੰਘ ਵਣਜਾਰਾ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਭਾਗ-3 ਪੰਨਾ ਨੰ. 227
9. ਬੇਦੀ ਸੋਹਿੰਦਰ ਸਿੰਘ ਵਣਜਾਰਾ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ ਨੰ. 2054
10. ਪੰਜਾਬੀ ਰਾਜਵੰਤ ਕੌਰ,,ਵਿਆਹ ਦੇ ਲੋਕਗੀਤ ਵਿਭਿੰਨ ਪਰਿਪੇਖ,ਪੰਨਾ ਨੰ.30